# **ਪਬਲਿਕ ਨੋਟਿਸ**

1.0 ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ ਵੱਲੋਂ Policy for Welfare of Adhoc, Contractual, Temporary Teachers (Nation Builders) and other Employees in School Education Department ਮਿਤੀ 07.10.2022 ਜਾਰੀ ਕੀਤੀ ਗਈ ਸੀ। ਹੁਣ ਸਿੱਖਿਆ -7 ਸ਼ਾਖਾ, ਸਿੱਖਿਆ ਵਿਭਾਗ, ਪੰਜਾਬ ਸਰਕਾਰ ਵੱਲੋਂ ਉਕਤ ਪਾਲਿਸੀ ਦੀ ਮਦ 3(2)ਏ ਵਿੱਚ ਸੋਧ ਕਰਦੇ ਹੋਏ, ਨੋਟੀਫਿਕੇਸ਼ਨ ਮਿਤੀ 16.06.2023 ਜਾਰੀ ਕੀਤਾ ਗਿਆ ਹੈ। ਨੋਟੀਫਿਕੇਸ਼ਨ ਦੀ ਕਾਪੀ ਨੱਥੀ ਹੈ।

2.0 ਜਿਸ ਅਨੁਸਾਰ EGS/STR/AIE ਵਲੰਟੀਅਰ ਜੋ ਸਾਲ 2002-03 ਤੋਂ ਸਾਲ 2011 ਦੌਰਾਨ ਭਰਤੀ ਹੋਏ ਸਨ ਅਤੇ ਮੌਜੂਦਾ ਸਮੇਂ ਕੰਮ ਕਰ ਰਹੇ ਹਨ, ਜਿੰਨਾਂ ਦਾ ਸਿੱਖਿਆ ਵਿਭਾਗ ਵਿੱਚ ਕੰਮ ਕਰਨ ਦਾ ਤਜੁਰਬਾ ਕੁੱਲ ਮਿਲਾ ਕੇ 10 ਸਾਲ ਜਾਂ 10 ਸਾਲ ਤੋਂ ਵੱਧ ਬਣਦਾ ਹੈ, ਨੂੰ ਇਸ ਪਾਲਿਸੀ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

3.0 ਜਿਹੜੇ ਕਰਮਚਾਰੀ (EGS/STR/AIE) ਇਸ ਪਾਲਿਸੀ ਅਧੀਨ ਪਹਿਲਾਂ ਅਪਲਾਈ ਕਰ ਚੁੱਕੇ ਹਨ। ਉਹ ਆਪਣਾ ਡਾਟਾ ਉਕਤ ਅਨੁਸਾਰ ਮਿਤੀ 28.06.2023 ਤੱਕ ਅਪਡੇਟ ਕਰਨਾ ਯਕੀਨੀ ਬਣਾਉਣਗੇ।

4.0 ਜਿਹੜੇ ਕਰਮਚਾਰੀ (EGS/STR/AIE) ਕਿਸੇ ਕਾਰਨ ਕਰਕੇ ਪਹਿਲਾਂ ਅਪਲਾਈ ਕਰਨ ਤੋਂ ਰਹਿ ਗਏ ਸਨ, ਉਹ ਮਿਤੀ 31.08.2023 ਤੱਕ ਅਪਲਾਈ ਕਰ ਸਕਦੇ ਹਨ।

5.0 ਪਾਲਿਸੀ ਦੀਆਂ ਬਾਕੀ ਸ਼ਰਤਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ।